# ਚੋਣਾਂ ਕਰਾਉਣੀਆਂ

**ਜੇ ਤੁਸੀਂ ਯੂਨੀਅਨ ਬਣਾਉਣਾ ਚਾਹੁੰਦੇ ਹੋ ਜਾਂ ਸ਼ਾਮਿਲ ਹੋਣਾ ਚਾਹੁੰਦੇ ਹੋ ਜਾਂ ਮੌਜੂਦਾ ਯੂਨੀਅਨ ਰੱਦ ਕਰਨਾ ਚਾਹੁੰਦੇ ਹੋ, ਤਾਂ ਤੁਸੀਂ ਚੋਣ ਪਟੀਸ਼ਨ ਦਾਇਰ ਕਰ ਸਕਦੇ ਹੋ। ਪਟੀਸ਼ਨ ਦਾਇਰ ਕਰਨ ਲਈ ਕਾਰਵਾਈਆਂ ਦਾ ਇੱਥੇ ਜਾਇਜ਼ਾ ਲਓ। ਕਿਰਪਾ ਕਰਕੇ ਮਦਦ ਲਈ ਆਪਣੇ ਸਭ ਤੋਂ ਨਜ਼ਦੀਕੀ ਇਲਾਕਾਈ ਦਫ਼ਤਰ ਵਿੱਚ ਇੰਫ਼ਰਮੇਸ਼ਨ ਅਫ਼ਸਰ ਨਾਲ ਸੰਪਰਕ ਕਰੋ।**

ਚੋਣ ਅਮਲ ਸ਼ੁਰੂ ਕਰਨ ਲਈ, ਘੱਟੋ-ਘੱਟ 30% ਮੁਲਾਜ਼ਮਾਂ ਦੀ ਹਿਮਾਇਤ ਦਰਸਾਉਣ ਵਾਲੀ ਪਟੀਸ਼ਨ ਅਤੇ ਇਸ ਨਾਲ ਸਬੰਧਿਤ ਦਸਤਾਵੇਜ਼ ਤਰਜੀਹੀ ਤੌਰ 'ਤੇ ਇਲੈਕਟ੍ਰੌਨਿਕ ਤਰੀਕੇ ਨਾਲ ਨਜ਼ਦੀਕੀ NLRB ਇਲਾਕਾਈ ਦਫ਼ਤਰ ਵਿੱਚ ਜ਼ਰੂਰ ਦਾਇਰ ਕਰਨੇ ਚਾਹੀਦੇ ਹਨ। ਫਿਰ NLRB ਏਜੰਟ ਇਹ ਯਕੀਨੀ ਬਣਾਉਣ ਲਈ ਪੜਤਾਲ ਕਰਨਗੇ ਕਿ ਇਹ ਬੋਰਡ ਦਾ ਅਧਿਕਾਰ-ਖੇਤਰ ਹੈ, ਯੂਨੀਅਨ ਸ਼ਰਤਾਂ ਪੂਰੀ ਕਰਦੀ ਹੈ, ਅਤੇ ਕੋਈ ਮੌਜੂਦਾ ਕਿਰਤ ਸਬੰਧੀ ਸਮਝੌਤਾ ਜਾਂ ਹਾਲੀਆ ਚੋਣਾਂ ਨਹੀਂ ਹਨ, ਜੋ ਚੋਣ 'ਤੇ ਰੋਕ ਲਾਉਣਗੀਆਂ। ਪਟੀਸ਼ਨ ਦਾਇਰ ਕਰਨ ਤੋਂ ਕੁਝ ਸਮੇਂ ਬਾਅਦ, ਨੌਕਰੀਦਾਤਾ ਨੂੰ ਅਹਿਮ ਥਾਵਾਂ 'ਤੇ ਚੋਣ ਲਈ ਪਟੀਸ਼ਨ ਬਾਰੇ ਨੋਟਿਸ ਜ਼ਰੂਰ ਲਾਉਣਾ ਚਾਹੀਦਾ ਹੈ, ਇਸ ਵਿੱਚ ਉਹ ਸਾਰੀਆਂ ਥਾਵਾਂ ਸ਼ਾਮਿਲ ਹਨ, ਜਿੱਥੇ ਆਮ ਤੌਰ 'ਤੇ ਮੁਲਾਜ਼ਮਾਂ ਲਈ ਨੋਟਿਸ ਲਾਏ ਜਾਂਦੇ ਹਨ। ਜੇ ਨੌਕਰੀਦਾਤਾ ਆਮ ਤੌਰ 'ਤੇ ਇਲੈਕਟ੍ਰੌਨਿਕ ਸਾਧਨਾਂ ਰਾਹੀਂ ਯੂਨਿਟ ਲਈਦਾਇਰ ਕੀਤੀ ਗਈ ਪਟੀਸ਼ਨ ਵਿੱਚ ਮੁਲਾਜ਼ਮਾਂ ਨਾਲ ਗੱਲਬਾਤ (ਸੰਚਾਰ) ਕਰਦਾ ਹੈ, ਤਾਂ ਨੌਕਰੀਦਾਤਾ ਨੂੰ ਉਹਨਾਂ ਮੁਲਾਜ਼ਮਾਂ ਨੂੰ ਇਲੈਕਟ੍ਰੌਨਿਕ ਤੌਰ 'ਤੇ ਚੋਣ ਲਈ ਪਟੀਸ਼ਨ ਬਾਰੇ ਨੋਟਿਸ ਵੀ ਵੰਡਣਾ ਚਾਹੀਦਾ ਹੈ।

NLRB ਦੇ ਏਜੰਟ ਵੋਟ ਪਾਉਣ ਲਈ ਤਾਰੀਖ਼, ਸਮਾਂ ਅਤੇ ਥਾਂ, ਵੋਟ-ਪਰਚੀ ਦੀ ਭਾਸ਼ਾ (ਭਾਸ਼ਾਵਾਂ) ਅਤੇ ਢੁਕਵੀਂ ਯੂਨਿਟ ਤੈਅ ਕਰਨ ਅਤੇ ਵੋਟ ਪਾਉਣ ਲਈ ਕੌਣ ਹੱਕਦਾਰ ਹੈ, ਬਾਰੇ ਫ਼ੈਸਲਾ ਕਰਨ ਲਈ ਨੌਕਰੀਦਾਤਾ, ਯੂਨੀਅਨ, ਅਤੇ ਹੋਰਨਾਂ ਧਿਰਾਂ ਵਿਚਕਾਰ ਇੱਕ ਚੋਣ ਸਮਝੌਤਾ ਚਾਹੁਣਗੇ। ਸਮਝੌਤਾ ਹੁੰਦਿਆਂ ਹੀ, ਧਿਰਾਂ NLRB ਦੇ ਇਲਾਕਾਈ ਡਾਇਰੈਕਟਰ ਨੂੰ ਚੋਣ ਕਰਾਉਣ ਦਾ ਅਖ਼ਤਿਆਰ ਦਿੰਦੀਆਂ ਹਨ। ਜੇ ਕੋਈ ਸਮਝੌਤਾ ਨਹੀਂ ਹੁੰਦਾ, ਤਾਂ ਇਲਾਕਾਈ ਡਾਇਰੈਕਟਰ ਸੁਣਵਾਈ ਕਰੇਗਾ/ਕਰੇਗੀ ਅਤੇ ਫਿਰ ਚੋਣ ਕਰਾਉਣ ਦਾ ਹੁਕਮ ਦੇ ਸਕਦਾ/ਸਕਦੀ ਹੈ ਅਤੇ ਬੋਰਡ ਦੇ ਨੇਮਾਂ ਅਤੇ ਇਸਦੇ ਫ਼ੈਸਲਿਆਂ ਅਨੁਸਾਰ ਸ਼ਰਤਾਂ ਤੈਅ ਕਰਦਾ/ਕਰਦੀ ਹੈ।

ਆਮ ਤੌਰ 'ਤੇ, ਇਹ ਚੋਣਾਂ ਡਾਇਰੈਕਟਰ ਦੇ ਆਦੇਸ਼ ਜਾਂ ਅਖ਼ਤਿਆਰਨਾਮੇ ਤੋਂ ਬਾਅਦ ਸਭ ਤੋਂ ਪਹਿਲੀ ਵਿਹਾਰਕ ਤਾਰੀਖ਼ 'ਤੇ ਕਰਾਈਆਂ ਜਾਂਦੀਆਂ ਹਨ, ਜੋ ਕਿ ਕੇਸ ਤੋਂ ਕੇਸ ਅਲੱਗ ਹੋਣਗੀਆਂ। ਹਾਲਾਂਕਿ, ਚੋਣ ਅੱਗੇ ਪਾਈ ਜਾ ਸਕਦੀ, ਜੇ ਕੋਈ ਧਿਰ ਅਜਿਹੇ ਚਾਲ-ਚਲਣ ਦੇ ਦੋਸ਼ ਲਾਉਣ ਦੇ ਅਧਾਰ 'ਤੇ ਪਟੀਸ਼ਨ ਰੋਕਣ ਲਈ ਕਹਿੰਦੀ ਹੈ, ਜਿਸ ਨਾਲ ਚੋਣ ਵਿੱਚ ਮੁਲਾਜ਼ਮ ਦੀ ਸੁਤੰਤਰ ਪਸੰਦ ਵਿੱਚ ਦਖ਼ਲਅੰਦਾਜ਼ੀ ਹੋਏਗੀ, ਜਿਵੇਂ ਕਿ ਵੋਟ ਦੇਣ ਲਈ ਦਬਾਅ ਪਾਉਣ ਵਾਸਤੇ ਨੌਕਰੀਦਾਤਾ ਜਾਂ ਯੂਨੀਅਨ ਵਲੋਂ ਨੌਕਰੀ ਜਾਂ ਲਾਭ ਖੁੰਝਣ ਦੀ ਧਮਕੀ ਦੇਣਾ, ਤਰੱਕੀ ਦੇਣਾ, ਤਨਖਾਹ ਵਧਾਉਣੀ ਜਾਂ ਵੋ ਹੋਰ ਫ਼ਾਇਦੇ ਦੇਣਾ। ਜਦੋਂ ਚੋਣ ਤੈਅ ਹੋ ਜਾਂਦੀ ਹੈ, ਤਾਂ ਨੌਕਰੀਦਾਤਾ ਨੂੰ ਚੋਣ ਬਾਰੇ ਨੋਟਿਸ ਪੋਸਟ ਕਰਨਾ ਚਾਹੀਦਾ ਹੈ, ਇਸ ਨਾਲ ਚੋਣ ਲਈ ਪਹਿਲਾਂ ਪੋਸਟ ਕੀਤੀ ਗਈ ਪਟੀਸ਼ਨ ਬਾਰੇ ਜਾਣਕਾਰੀ ਬਦਲ ਜਾਏਗੀ।

ਜਦੋਂ ਪਹਿਲਾਂ ਤੋਂ ਹੀ ਕੋਈ ਯੂਨੀਅਨ ਹੈ, ਜੇ ਕਿਰਤ ਸਮਝੌਤੇ ਦੀ ਮਿਆਦ ਪੁੱਗ ਗਈ ਹੈ ਜਾਂ ਮਿਆਦ ਪੁੱਗਣ ਵਾਲੀ ਹੈ ਅਤੇ ਘੱਟੋ ਘੱਟ 30% ਮੁਲਾਜ਼ਮਾਂ ਦੀ ਚੋਣ ਕਰਾਉਣ ਵਿੱਚ ਦਿਲਚਸਪੀ ਹੈ, ਤਾਂ ਮੁਕਾਬਲੇ ਵਿਚਲੀ ਯੂਨੀਅਨ ਚੋਣ ਪਟੀਸ਼ਨ ਦਾਇਰ ਕਰ ਸਕਦੀ ਹੈ। ਇਸਦੇ ਨਤੀਜੇ ਵਜੋਂ, ਆਮ ਤੌਰ 'ਤੇ ਮੌਜੂਦਾ ਮਜ਼ਦੂਰ ਯੂਨੀਅਨ, ਵਿਰੋਧੀ ਧਿਰ ਅਤੇ "ਕੋਈ ਵੀ ਨਹੀਂ" ਨਾਲ ਤਿੰਨ-ਧਿਰੀ ਚੋਣ ਹੋਏਗੀ। ਜੇ ਤਿੰਨਾਂ ਧਿਰਾਂ ਵਿੱਚੋਂ ਕਿਸੇ ਨੂੰ ਵੀ ਬਹੁਗਿਣਤੀ ਵੋਟ ਨਹੀਂ ਮਿਲਦੇ, ਤਾਂ ਸਭ ਤੋਂ ਵੱਧ ਵੋਟ ਹਾਸਿਲ ਕਰਨ ਵਾਲੀਆਂ ਦੋ ਧਿਰਾਂ ਵਿਚਕਾਰ ਫਿਰ ਚੋਣ ਕਰਾਈ ਜਾਏਗੀ।

ਮੁਲਾਜ਼ਮਾਂ ਦੀ ਯੂਨਿਟ ਦੀ ਸੌਦੇਬਾਜ਼ੀ ਕਰਨ ਵਾਲੇ ਨੁਮਾਇੰਦੇ ਵਜੋਂ ਯੂਨੀਅਨ ਦੀ ਪੁਸ਼ਟੀ ਕਰਨ ਜਾਂ ਰੱਦ ਕਰਨ ਲਈ ਚੋਣਾਂ ਦਾ ਫ਼ੈਸਲਾ ਪੈਣ ਵਾਲੀਆਂ ਬਹੁਗਿਣਤੀ ਵੋਟਾਂ ਨਾਲ ਕੀਤਾ ਜਾਂਦਾ ਹੈ। ਵੋਟ-ਪਰਚੀਆਂ ਦੀ ਗਿਣਤੀ ਹੋਣ ਵੇਲੇ ਸਾਰੀਆਂ ਧਿਰਾਂ ਦੇ ਨਿਗਰਾਨ ਉੱਥੇ ਮੌਜੂਦ ਰਹਿਣ ਦੀ ਚੋਣ ਕਰ ਸਕਦੇ ਹਨ। ਕੋਈ ਵੀ ਧਿਰ ਵੋਟਾਂ ਦੀ ਗਿਣਤੀ ਹੋਣ ਦੇ 7 ਦਿਨਾਂ ਦੇ ਅੰਦਰ ਢੁਕਵੇਂ ਇਲਾਕਾਈ ਡਾਇਰੈਕਟਰ ਸਾਹਮਣੇ ਆਪਣੇ ਇਤਰਾਜ਼ਾਂ ਦੀ ਹਿਮਾਇਤ ਵਿੱਚ ਇਤਰਾਜ਼ ਦਾਇਰ ਕਰ ਸਕਦੀ ਹੈ ਅਤੇ ਸਬੂਤ ਪੇਸ਼ ਕਰ ਸਕਦੀ ਹੈ। ਇਸਦੇ ਜਵਾਬ ਵਿੱਚ, ਜਿੱਥੇ ਧਿਰਾਂ ਨੇ ਸਹਿਮਤੀ ਦਿੱਤੀ ਹੋਵੇ, ਨੂੰ ਛੱਡਕੇ ਉਹ ਇਲਾਕਾਈ ਡਾਇਰੈਕਟਰ ਦੇ ਫ਼ੈਸਲੇ ਦੇ ਖ਼ਿਲਾਫ਼ ਵਾੱਸ਼ਿੰਗਟਨ ਵਿੱਚ ਬੋਰਡ ਸਾਹਮਣੇ ਅਪੀਲ ਕਰ ਸਕਦੀਆਂ ਹਨ। ਜੇ ਨੌਕਰੀਦਾਤਾ ਜਾਂ ਯੂਨੀਅਨ ਵਲੋਂ ਕੀਤੇ ਗਏ ਵਿਹਾਰ ਨੇ ਘਬਰਾਹਟ ਜਾਂ ਬਦਲੇ ਦੀ ਕਾਰਵਾਈ ਦੇ ਡਰ ਦਾ ਮਾਹੌਲ ਸਿਰਜਿਆ ਅਤੇ ਇਸ ਤਰ੍ਹਾਂ ਮੁਲਾਜ਼ਮਾਂ ਦੀ ਚੋਣ ਕਰਨ ਦੀ ਅਜ਼ਾਦੀ ਵਿੱਚ ਦਖ਼ਲ ਦਿੱਤਾ, ਤਾਂ ਚੋਣ ਨਤੀਜਿਆਂ ਦਾ ਐਲਾਨ ਨਹੀਂ ਕੀਤਾ ਜਾਏਗਾ।

ਨਹੀਂ ਤਾਂ, ਵੋਟਾਂ ਦੀ ਬਹੁਗਿਣਤੀ ਹਾਸਿਲ ਕਰਨ ਵਾਲੀ ਯੂਨੀਅਨ ਨੂੰ ਮੁਲਾਜਮਾਂ ਦੀ ਸੌਦੇਬਾਜ਼ੀ ਕਰਨ ਵਾਲੇ ਨੁਮਾਇੰਦੇ ਵਜੋਂ ਪ੍ਰਮਾਣਿਤ ਕੀਤਾ ਜਾਂਦਾ ਹੈ ਅਤੇ ਉਹ ਨੌਕਰੀਦਾਤਾ ਵਲੋਂ ਯੂਨਿਟ ਵਿੱਚ ਮੁਲਾਜ਼ਮਾਂ ਲਈ ਵਿਸ਼ੇਸ਼ ਸੌਦੇਬਾਜ਼ੀ ਕਰਨ ਵਾਲੇ ਏਜੰਟ ਵਜੋਂ ਮਾਣਤਾ ਪ੍ਰਾਪਤ ਕਰਨ ਦਾ ਹੱਕਦਾਰ ਹੈ। ਇਸ ਪੜਾਅ 'ਤੇ ਯੂਨੀਅਨ ਨਾਲ ਸੌਦੇਬਾਜ਼ੀ ਕਰਨ ਵਿੱਚ ਨਾਕਾਮ ਰਹਿਣਾ, ਇੱਕ ਅਣਉਚਿਤ ਕਿਰਤ ਵਿਹਾਰ ਹੈ।

ਨੁਮਾਇੰਦਗੀ ਸਬੰਧੀ ਚੋਣਾਂ ਬਾਰੇ ਚਾਰਟਾਂ ਅਤੇ ਡੇਟਾ ਲਈ ਇੱਥੇ ਕਲਿੱਕ ਕਰੋ।

# ਯੂਨੀਅਨ ਦੀ ਨੁਮਾਇੰਦਗੀ ਲਈ ਬਦਲਵਾਂ ਤਰੀਕਾ

NLRB ਵਲੋਂ ਕਰਾਈਆਂ ਜਾਣ ਵਾਲੀਆਂ ਚੋਣਾਂ ਤੋਂ ਅਲਾਵਾ, ਫ਼ੈਡਰਲ ਕਾਨੂੰਨ ਮੁਲਾਜ਼ਮਾਂ ਨੂੰ ਨੁਮਾਇੰਦਾ ਚੁਣਨ ਦਾ ਇੱਕ ਹੋਰ ਤਰੀਕਾ ਉਪਲਬਧ ਕਰਦਾ ਹੈ: ਦਸਤਖ਼ਤ ਕੀਤੇ ਗਏ ਅਖ਼ਤਿਆਰਨਾਮੇ ਵਾਲੇ ਕਾਰਡਾਂ ਜਾਂ ਹੋਰਨਾਂ ਤਰੀਕਿਆਂ ਨਾਲ ਬਹੁਗਿਣਤੀ ਦੀ ਹਿਮਾਇਤ ਦਰਸਾਉਣ ਤੋਂ ਬਾਅਦ ਬੋਰਡ, ਯੂਨੀਅਨ ਨੂੰ ਆਪਣੀ ਮਰਜ਼ੀ ਨਾਲ ਮਾਣਤਾ ਦੇਣ ਲਈ ਕਿਸੇ ਨੌਕਰੀਦਾਤਾ ਨੂੰ ਮਨਾ ਸਕਦਾ ਹੈ। ਇਹ ਸਮਝੌਤੇ NLRB ਦੇ ਅਮਲ ਤੋਂ ਬਾਹਰ ਕੀਤੇ ਜਾਂਦੇ ਹਨ। ਜੇ ਯੂਨੀਅਨ ਨੂੰ ਆਪਣੀ ਮਰਜ਼ੀ ਨਾਲ ਮਾਣਤਾ ਦਿੱਤੀ ਜਾਂਦੀ ਹੈ, ਤਾਂ ਸੌਦੇਬਾਜ਼ੀ ਲਈ ਇੱਕ ਢੁਕਵੀਂ ਮਿਆਦ ਦੌਰਾਨ ਸੌਦੇਬਾਜ਼ੀ ਕਰਨ ਵਾਲੇ ਨੁਮਾਇੰਦੇ ਵਜੋਂ ਇਸਦੇ ਦਰਜੇ ਨੂੰ ਵੰਗਾਰਿਆ ਨਹੀਂ ਜਾ ਸਕਦਾ, ਜਿਸ ਨੂੰ ਬੋਰਡ ਧਿਰਾਂ ਦੀ ਸੌਦੇਬਾਜ਼ੀ ਬਾਰੇ ਪਹਿਲੇ ਸੈਸ਼ਨ ਤੋਂ ਬਾਅਦ ਛੇ ਮਹੀਨਿਆਂ ਤੋਂ ਘੱਟ (ਅਤੇ ਇੱਕ ਸਾਲ ਤੋਂ ਵੱਧ ਨਹੀਂ) ਵਜੋਂ ਪਰਿਭਾਸ਼ਤ ਕਰਦਾ ਹੈ। ਦੂਜੇ ਸ਼ਬਦਾਂ ਵਿੱਚ, ਉਸ ਢੁਕਵੀਂ ਮਿਆਦ ਦੌਰਾਨ, ਨੌਕਰੀਦਾਤਾ ਮਾਣਤਾ ਵਾਪਸ ਨਹੀਂ ਲੈ ਸਕਦਾ ਅਤੇ ਬੋਰਡ, ਯੂਨੀਅਨ ਨੂੰ ਹਟਾਉਣ

ਜਾਂ ਇਸਦੀ ਥਾਂ ਇੱਕ ਵੱਖਰੀ ਯੂਨੀਅਨ ਨਾਲ ਚੋਣ ਕਰਨ ਲਈ ਇੱਕ ਪਟੀਸ਼ਨ ਬਾਰੇ ਕਾਨੂੰਨੀ ਕਾਰਵਾਈ ਨਹੀਂ ਕਰੇਗਾ। ਹਾਲਾਂਕਿ, ਚੋਣ-ਪਟੀਸ਼ਨ ਬਾਰੇ ਕਾਨੂੰਨੀ-ਕਾਰਵਾਈ 'ਤੇ ਰੋਕ ਲਾਉਣ ਨੂੰ ਲਾਗੂ ਕਰਨ ਲਈ, ਨੌਕਰੀਦਾਤਾ ਅਤੇ/ਜਾਂ ਯੂਨੀਅਨ ਨੂੰ ਪਹਿਲਾਂ ਬੋਰਡ ਦੇ ਇਲਾਕਾਈ ਦਫ਼ਤਰ ਨੂੰ ਦੱਸਣਾ ਚਾਹੀਦਾ ਹੈ ਕਿ ਇਸ ਨੂੰ ਆਪਣੀ ਮਰਜ਼ੀ ਨਾਲ ਮਾਣਤਾ ਦਿੱਤੀ ਗਈ ਹੈ; ਨੌਕਰੀਦਾਤਾ ਨੂੰ ਮੁਲਾਜ਼ਮਾਂ ਨੂੰ ਇਹ ਦੱਸਣ ਲਈ ਕਿ ਮਾਣਤਾ ਦਿੱਤੀ ਗਈ ਹੈ, ਲਈ ਉਹਨਾਂ ਨੂੰ ਲਾਜ਼ਮੀ ਤੌਰ 'ਤੇ ਇੱਕ ਨੋਟਿਸ ਪੋਸਟ ਕਰਨਾ ਅਤੇ ਵੰਡਣਾ ਚਾਹੀਦਾ ਹੈ ਅਤੇ ਕਿ ਉਹਨਾਂ ਨੂੰ ਨੋਟਿਸ ਪੋਸਟ ਕੀਤੇ ਜਾਣ ਦੀ ਤਾਰੀਖ਼ ਤੋਂ ਸ਼ੁਰੂ ਹੋਣ ਵਾਲੇ 45 ਦਿਨਾਂ ਦੀ ਮਿਆਦ ਦੇ ਦੌਰਾਨ ਪਟੀਸ਼ਨ ਦਾਇਰ ਕਰਨ ਦਾ ਹੱਕ ਹੈ; ਅਤੇ ਉਹਨਾਂ 45 ਦਿਨਾਂ ਦੇ ਅੰਦਰ ਢੁਕਵੇਂ ਤਰੀਕੇ ਨਾਲ ਹਿਮਾਇਤ ਵਾਲੀ ਕੋਈ ਵੀ ਪਟੀਸ਼ਨ ਦਾਇਰ ਨਹੀਂ ਕੀਤੀ ਗਈ।

## ਨੁਮਾਇੰਦਗੀ ਕਰਨ ਵਾਲੀਆਂ ਅਪੀਲਾਂ ਬਾਰੇ ਦਫ਼ਤਰ

ਚੋਣ-ਸਬੰਧੀ ਫ਼ੈਸਲਿਆਂ ਦੇ ਜਾਇਜ਼ੇ, ਇਸ ਵਿੱਚ ਇਲਾਕਾਈ ਡਾਇਰੈਕਟਰਾਂ ਵਲੋਂ ਖ਼ਾਰਜ ਕੀਤੀਆਂ ਗਈਆਂ ਪਟੀਸ਼ਨਾਂ ਅਤੇ ਚੋਣ ਤੋਂ ਪਹਿਲਾਂ ਦੇ ਫ਼ੈਸਲੇ ਸ਼ਾਮਿਲ ਹਨ, ਇਹਨਾਂ ਦਾ ਪ੍ਰਬੰਧ ਵਾੱਸ਼ਿੰਗਟਨ, D.C. ਵਿੱਚ ਨੁਮਾਇੰਦਗੀ ਸਬੰਧੀ ਅਪੀਲਾਂ ਬਾਰੇ ਦਫ਼ਤਰ ਵਲੋਂ ਕੀਤਾ ਜਾਂਦਾ ਹੈ। ਨੁਮਾਇੰਦਗੀ ਦੇ ਅਧਿਕਾਰ-ਪੱਤਰ ਜਾਂ ਚੋਣ-ਨਤੀਜਿਆਂ ਜਾਂ ਪਟੀਸ਼ਨ ਖ਼ਾਰਜ ਹੋਣ ਤੋਂ ਬਾਅਦ 14 ਦਿਨ ਤੱਕ ਕਿਸੇ ਵੀ ਸਮੇਂ ਜਾਇਜ਼ੇ ਲਈ ਬੇਨਤੀਆਂ ਦਾਇਰ ਕੀਤੀਆਂ ਜਾ ਸਕਦੀਆਂ ਹਨ। ਕੇਸ ਦੇ ਜਾਇਜ਼ੇ ਲਈ ਹਰ ਇੱਕ ਕੇਸ ਅਟਾੱਰਨੀ ਅਤੇ ਸੁਪਰਵਾਈਜ਼ਰ ਨੂੰ ਸੌਂਪਿਆ ਜਾਂਦਾ ਹੈ, ਉਸ ਤੋਂ ਬਾਅਦ ਬੋਰਡ ਸਾਹਮਣੇ ਪੇਸ਼ ਕੀਤਾ ਜਾਂਦਾ ਹੈ। ਬੋਰਡ ਫ਼ੈਸਲੇ ਦਾ ਜਾਇਜ਼ਾ ਲੈਣ ਤੋਂ ਮਨ੍ਹਾ ਕਰ ਸਕਦਾ ਹੈ ਜਾਂ ਜਾਇਜ਼ਾ ਲੈਣ ਦੀ ਮੰਜ਼ੂਰੀ ਦੇ ਸਕਦਾ ਹੈ। ਜੇ ਬੋਰਡ ਜਾਇਜ਼ਾ ਲੈਣ ਦੀ ਮੰਜ਼ੂਰੀ ਦਿੰਦਾ ਹੈ, ਤਾਂ ਧਿਰਾਂ ਜਾਇਜ਼ੇ ਬਾਰੇ ਹੋਰ ਖ਼ੁਲਾਸਾ ਦਾਇਰ ਕਰ ਸਕਦੀਆਂ ਹਨ।

**ਮਹੀਨੇ ਅਨੁਸਾਰ, NLRB ਦੀਆਂ ਸਾਰੀਆਂ ਚੋਣਾਂ ਦੀ ਸੂਚੀ ਲਈ** ਕਿਰਪਾ ਕਰਕੇ ਸਾਡੀਆਂ ਚੋਣ ਰਿਪੋਰਟਾਂ ਵੇਖੋ।

**ਹੋਰ ਜਾਣਕਾਰੀ ਲਈ** ਜਾਂ ਪਟੀਸ਼ਨ ਦਾਇਰ ਵਿੱਚ ਮਦਦ ਲਈ ਕਿਰਪਾ ਕਰਕੇ ਆਪਣੇ ਸਭ ਤੋਂ ਨਜ਼ਦੀਕੀ NLRB ਦਫ਼ਤਰ ਵਿਚਲੇ ਇੰਫ਼ਰਮੇਸ਼ਨ ਅਫ਼ਸਰ ਨਾਲ ਸੰਪਰਕ ਕਰੋ।